# 5

# ਉਹਦੀ ਸਮਾਂ ਸਾਰਣੀ ਧਰਤੀ ਉੱਤੇ ਪੁੱਤਰ ਦੀ ਝਲਕ ਦਿੰਦੀ ਹੈ

ਯਿਸੂ ਖ਼ੁਦਾਈ ਭਾਵ ਖ਼ੁਦਾ ਤੇ ਪੁੱਤਰ ਦੇ ਤੌਰ ਤੇ ਆਪਣੀ ਪਛਾਣ ਬਾਰੇ ਪੂਰੀ ਤਰ੍ਹਾਂ ਵਾਕਫ਼ ਸੀ। ਲੜਕਪਨ ਤੋਂ ਹੀ ਉਹਨੂੰ ਪਤਾ ਸੀ ਕਿ ਉਹ ਖ਼ੁਦਾ ਦਾ ਚੁਣਿਆ ਹੋਇਆ (ਮਸੀਹਾ) ਹੈ। ਸਾਫ਼ ਤੌਰ ਤੇ ਯਿਸੂ ਨੇ ਆਪਣੀ ਪਛਾਣ ਦੇ ਇਨ੍ਹਾਂ ਦੋ ਪਹਿਲੂਆਂ ਨੂੰ ਆਪਣੀ ਨਿੱਜੀ ਸੇਵਕਾਈ ਦੀ ''ਸਮਾਂ ਸਾਰਣੀ'' ਵਿਚ ਰਹਿ ਕੇ ਜ਼ਾਹਿਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਹ ਅਸਾਨ ਕੰਮ ਨਹੀਂ ਸੀ। ਯਿਸੂ ਨੇ ਆਪਣੀ ਪਛਾਣ ਅਤੇ ਹਾਲਾਤ ਨੂੰ ਪੂਰੀ ਤਰ੍ਹਾਂ ਗੁਪਤ ਨਾ ਰੱਖਦਿਆਂ, ਉਨ੍ਹਾਂ ਦੀ ਅਹਿਮੀਅਤ ਦੇ ਸੰਸਾਰ ਦੀ ਵਧਦੀ ਜਾਗਰੂਕਤਾ ਤੇ ਕਾਬੂ ਰੱਖਿਆ ਸੀ। ਆਓ ਦੋ ਅਹਿਮ ਤਰੀਕਿਆਂ ਤੇ ਖ਼ਿਆਲ ਕਰਦੇ ਹਾਂ ਜਿਨ੍ਹਾਂ ਵਿਚ ਯਿਸੂ ਨੇ ਇਵੇਂ ਕੀਤਾ।

## ਯਿਸੂ ਨੇ ਆਪਣੀ ਪਛਾਣ ਕਿਵੇਂ ਲੁਕਾਈ

ਪਹਿਲਾਂ, ਯਿਸੂ ਨੇ ਆਪਣੀ ਪਛਾਣ ਨੂੰ ਦੂਜਿਆਂ ਦੇ ਗਿਆਨ ਨੂੰ ਕਾਬੂ ਕਰਕੇ ਲੁਕਾਉਣ ਦੀ ਕੋਸ਼ਿਸ਼ ਕੀਤੀ। ਯਿਸੂ ਵੱਲੋਂ ''ਨਿਸ਼ਾਨ'' (*semeia*) ਵਿਖਾਉਣ ਨੂੰ ਯੂਹੰਨਾ ਨੇ ਕਿਹਾ, ''ਇਹ ਇਸ ਲਈ ਲਿਖੇ ਗਏ ਹਨ ਕਿ ਤੁਸੀਂ ਵਿਸ਼ਵਾਸ ਕਰੋ, ਕਿ ਯਿਸੂ ਖ਼ੁਦਾ ਦਾ ਪੁੱਤਰ ਹੈ; ਅਤੇ ਵਿਸ਼ਵਾਸ ਕਰਕੇ ਉਸਦੇ ਨਾਂ ਤੇ ਜ਼ਿੰਦਗੀ ਪਾਓ'' (ਯੂਹੰਨਾ 20:31)। ਪਰ ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਜੋ ਪਹਿਲਾ ਨਿਸ਼ਾਨ ਯਿਸੂ ਨੇ ਵਿਖਾਇਆ ਸੀ ਉਹ ਉਸਨੇ ਆਪਣੀ ਮਾਂ ਦੀ ਬੇਨਤੀ ਤੇ ਵਿਖਾਇਆ ਸੀ। ਕਿਉਂ? ਕਿਉਂਕਿ ਉਹਦਾ ''ਸਮਾਂ'' ਅਜੇ ਨਹੀਂ ਆਇਆ ਸੀ (ਯੂਹੰਨਾ 2:4)। ਯਿਸੂ ਕਈ ਕਾਰਣਾਂ ਕਰਕੇ ਆਪਣੀ ਅਲੌਕਿਕ ਸ਼ਕਤੀ ਨੂੰ ਵਿਖਾਉਣ ਵਿਚ ਸਾਵਧਾਨ ਸੀ। (1) ਉਹਨੂੰ ਪਤਾ ਸੀ ਕਿ ਜ਼ਰੂਰੀ ਨਹੀਂ ਕਿ ਉਹਦੀ ਸ਼ਕਤੀ ਨੂੰ ਖ਼ੁਦਾ ਦੀ ਸ਼ਕਤੀ ਦੇ ਤੌਰ ਤੇ ਵੇਖਿਆ ਜਾਵੇ (ਮੱਤੀ 12:24)। (2) ਉਹਨੂੰ ਪਤਾ ਸੀ ਕਿ ''ਕਰਾਮਾਤਾਂ ਅਤੇ ਅਚੰਭਿਆਂ ਅਤੇ ਨਿਸ਼ਾਨਾਂ'' ਦੇ ਅਧਾਰ ਤੇ (ਰਸੂਲਾਂ ਦੇ ਕੰਮ 2:22) ਲੋਕ ਉਸ 'ਤੇ ਵਿਸ਼ਵਾਸ ਕਰਨ ਲਗ ਪੈਣਗੇ, ਪਰ ਇਹ ਆਪਣੇ ਆਪ ਵਿਚ ਕਾਫ਼ੀ ਨਹੀਂ ਹੋਵੇਗਾ।[1] (3) ਯਿਸੂ ਨੂੰ ਪਤਾ ਸੀ ਕਿ ''ਝੂਠੇ ਮਸੀਹ ਅਤੇ ਝੂਠੇ ਨਬੀ'' ਲੋਕਾਂ ਨੂੰ ਭਰਮਾਉਣ ਲਈ ''ਨਿਸ਼ਾਨ ਅਤੇ ਅਚੰਭੇ ਕੰਮ'' ਵਿਖਾ ਸਕਦੇ ਹਨ (ਮੱਤੀ 24:24, 25)। (4) ਉਹ ਨਹੀਂ ਚਾਹੁੰਦਾ ਸੀ ਕਿ ਉਸਦੇ ਰਾਜ ਦੀ ਨੀਂਹ ਰੱਖਣ ਲਈ ਲੋਕ ਉਹਦੀ ਸਮਾਂ ਸਾਰਣੀ ਤੋਂ ਅੱਗੇ ਨਿਕਲਣ।

ਯਿਸੂ ਨੇ ਬਾਰ-ਬਾਰ ਨਿਸ਼ਾਨਾਂ ਦੀ ਵਰਤੋਂ ਕੀਤੀ ਹੈ। ਸ਼ਾਇਦ ਅਸੀਂ ਆਖ ਸਕਦੇ ਹਾਂ ਕਿ ਅਸਲ 'ਚ ਜੇ ਇਵੇਂ ਨਾ ਕਰਦਾ ਤਾਂ ਇਹ ਉਪਦੇ ਸੁਭਾਅ ਨਾਲ ਮੇਲ ਨਹੀਂ ਖਾਣਾ ਸੀ। ਕਈ ਵਾਰ ਉਹਦੇ ਵੱਡੇ ਤਰਸ ਨੇ ਉਸਨੂੰ ਕੋਈ ਮੋਅਜਜ਼ਾ ਕਰਨ ਲਈ ਮਜਬੂਰ ਕਰ ਦਿੱਤਾ ਸੀ,[2] ਭਾਵੇਂ ਬਹੁਤੀ ਵਾਰੀ ਉਹਨੇ ਬੇਨਤੀ ਕੀਤੀ ਸੀ ਕਿ ਮੋਅਜਜ਼ੇ ਨੂੰ ਗੁਪਤ ਹੀ ਰੱਖਿਆ ਜਾਵੇ (ਮੱਤੀ

8:3, 4; 9:27-30)। ਕਈ ਵਾਰ ਮੋਅਜਜ਼ਿਆਂ ਦੀ ਵਰਤੋਂ ਉਹਦੀ ਵਡਿਆਈ ਅਤੇ ਉਸਦੇ ਪਿਤਾ ਦੀ ਵਡਿਆਈ ਵਿਖਾਉਣ ਲਈ ਕੀਤੀ ਗਈ ਸੀ (ਯੂਹੰਨਾ 2:11; 11:1-4, 38-44)। ਪਰ ਇਹ ਸਾਫ਼ ਹੈ ਕਿ ਆਪਣੀ ਅਲੌਕਿਕ ਸ਼ਕਤੀ ਅਤੇ ਮਸੀਹਾ ਹੋਣ ਦੀ ਕਿਸੇ ਸਿਆਸੀ ਜਾਂ ਸਮੇਂ ਤੋਂ ਪਹਿਲਾਂ ਦੇ ਐਲਾਨ ਤੋਂ ਬਚਣ ਦੀ ਕੋਸ਼ਿਸ਼ ਸੀ (ਮਰਕੁਸ 8:29, 30; ਯੂਹੰਨਾ 1:48-51)।

## ਯਿਸੂ ਨੇ ਆਪਣੀ ਪਛਾਣ ਕਿਵੇਂ ਵਿਖਾਈ

ਫਿਰ ਯਿਸੂ ਨੇ ਆਪਣੀ ਹੀ ''ਸਮਾਂ ਸਾਰਣੀ'' ਮੁਤਾਬਕ ਆਪਣੀ ਪਛਾਣ ਜ਼ਾਹਿਰ ਕਰਦਿਆਂ ਆਪਣੀ ਪੂਰੀ ਪਛਾਣ ਅਤੇ ਭੂਮਿਕਾ ਦੀ ਅਹਿਮੀਅਤ ਨੂੰ ਵਿਖਾਉਣ ਉੱਤੇ ਕਾਬੂ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਆਪਣੇ ਬਾਰੇ ਦੱਸਣ ਲਈ ''ਮਨੁੱਖ ਦਾ ਪੁੱਤਰ'' ਉਹਦਾ ਪਸੰਦੀਦਾ ਵਾਕ ਸੀ। ਅਜੀਬ ਗੱਲ ਹੈ ਕਿ ਇੰਜੀਲ ਦੇ ਵਿਰਤਾਂਤ ਵਿਚ, ਕਿਸੇ ਹੋਰ ਨੇ ਉਹਦੇ *ਲਈ* ਇਸੇ ਵਾਕ ਦੀ ਵਰਤੋਂ ਕਦੇ ਨਹੀਂ ਕੀਤੀ ਸੀ। ਸਿਰਫ਼ ਇਕ ਵਾਰ ਯਿਸੂ ਨੂੰ ਸੰਬੋਧਨ ਕਰਨ ਲਈ ਇਸ ਸ਼ਬਦ ਦੀ ਵਰਤੋਂ ਉਦੋਂ ਹੋਈ ਜਦ ਭੀੜ ਨੇ ਉਸਦੀ ਹੀ ਗੱਲ ਉਸਨੂੰ ਆਖੀ ਸੀ ਕਿ ''... ਫਿਰ ਤੂੰ ਕਿਵੇਂ ਆਖਦਾ ਹੈਂ ਕਿ ਮਨੁੱਖ ਦੇ ਪੁੱਤਰ ਦਾ ਉੱਚਾ ਕੀਤਾ ਜਾਣਾ ਜ਼ਰੂਰੀ ਹੈ'' (ਯੂਹੰਨਾ 12:34ਅ)।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਯਿਸੂ ਨੇ ਆਪਣੇ ਆਪ ਨੂੰ ''ਮਨੁੱਖ ਦਾ ਪੁੱਤਰ'' ਕਿਹਾ। ਸਮਾਨੰਤਰਵਾਦ ਨੂੰ ਕੱਢ ਵੀ ਦਈਏ ਤਾਂ ਵੀ ਉਸਨੇ ਆਪਣੇ ਲਈ ਇਸ ਸ਼ਬਦ ਦੀ ਵਰਤੋਂ ਇੰਜੀਲ ਦੇ ਚਾਰਾਂ ਵਿਰਤਾਂਤਾਂ ਵਿਚ *ਅੱਸੀ* ਵਾਰ ਕੀਤੀ ਹੈ। ਸਮਾਨੰਤਰ ਵਿਰਤਾਂਤਾਂ ਨੂੰ ਵੀ ਵਿਚ ਲੈ ਲਈਏ ਤਾਂ ਹੈਰਾਨੀ ਦੀ ਗੱਲ ਹੈ ਕਿ ਯਿਸੂ ਨੇ ਆਪਣੀ ਪਛਾਣ ਤਾਂ ਇਸ ਵਾਕ ਵਿਚ ਕਰਵਾਈ ਹੀ, ਬਲਕਿ ਪੂਰੀ ਸੇਵਕਾਈ ਵਿਚ ''ਮਨੁੱਖ ਦੇ ਪੁੱਤਰ'' ਦੇ ਤੌਰ ਤੇ ਵੀ ਆਪਣੇ ਆਪ ਨੂੰ ਸਥਾਪਿਤ ਕੀਤਾ।[3]

ਆਓ ਵੇਖਦੇ ਹਾਂ ਕਿ ''ਮਨੁੱਖ ਦਾ ਪੁੱਤਰ'' ਦੇ ਰੂਪ 'ਚ ਯਿਸੂ ਦੀ ਭੂਮਿਕਾ ਕਿੰਨੀ ਕੁ ਹੈ:

1. *''ਮਨੁੱਖ ਦੇ ਪੁੱਤਰ''* ਨੇ ਮੁਸੀਬਤ ਝੱਲੀ (ਮੱਤੀ 8:20; ਲੂਕਾ 9:58)।
2. *ਉਹ ਇਕ ਸੇਵਕ ਸੀ* (ਮੱਤੀ 20:28; ਮਰਕੁਸ 10:45)।
3. *ਉਹ ਲੋਕਾਂ ਵਰਗਾ ਬਣਿਆ* (ਮੱਤੀ 11:19; ਲੂਕਾ 6:22; 7:34; ਯੂਹੰਨਾ 9:35)।
4. *''ਮਨੁੱਖ ਦੇ ਪੁੱਤਰ'' ਦੇ ਤੌਰ ਤੇ ਆਪਣੀ ਭੂਮਿਕਾ ਬਾਰੇ ਲੋਕਾਂ ਦੀ ਪ੍ਰਤੀਕਿਰਿਆ ਵਿਚ ਉਹਦੀ ਦਿਲਚਸਪੀ ਸੀ* (ਮੱਤੀ 16:13)।
5. *ਉਸਨੂੰ ਫੜਵਾਇਆ ਗਿਆ ਸੀ* (ਮੱਤੀ 17:22; 20:18; 26:24, 45 ਮਰਕੁਸ 9:31; 10:33; 14:21, 41; ਲੂਕਾ 9:44; 22:48; 24:7ੳ)।
6. *ਉਹਨੇ ਦੁੱਖ ਝੱਲਿਆ* (ਮੱਤੀ 17:12; 26:2; ਮਰਕੁਸ 8:31; 9:12; ਲੂਕਾ 9:22)।
7. *ਉਹ ਸਲੀਬ ਦਿੱਤਾ ਗਿਆ* (ਲੂਕਾ 24:7ਅ; ਯੂਹੰਨਾ 3:14; 8:28;

12:24)।

8. *ਉਹ ਜੀ ਉੱਠਿਆ* (ਮੱਤੀ 12:40; 17:9; ਮਰਕੁਸ 9:9; ਲੂਕਾ 11:30; 24:7ੲ)।
9. *ਉਹ ਪਰਗਟ ਹੋਇਆ* (ਲੂਕਾ 17:30)।
10. *ਉਹ ਦੁਬਾਰਾ ਆ ਰਿਹਾ ਹੈ* (ਮੱਤੀ 10:23; 16:27; 24:27, 30, 37, 39, 44; 25:31; 26:64ਅ; ਮਰਕੁਸ 13:26; ਲੂਕਾ 12:40; 17:24; 18:8; 21:27; ਯੂਹੰਨਾ 3:13)।
11. *ਉਹ ਨਿਆਂ ਕਰੇਗਾ* (ਮੱਤੀ 25:31-46; ਮਰਕੁਸ 8:38; ਲੂਕਾ 9:26; 12:8, 9; 17:26; 21:36)।
12. *ਉਹਦਾ ਇਕ ਰਾਜ ਹੈ* (ਮੱਤੀ 16:28; 19:28)।
13. *ਉਹ ਉੱਪਰ ਚੜ੍ਹੇਗਾ* (ਯੂਹੰਨਾ 6:62)।
14. *ਉਹ ਰਾਜ ਕਰੇਗਾ* (ਮੱਤੀ 26:64ੳ; ਮਰਕੁਸ 14:62; ਲੂਕਾ 22:69)।
15. ਉਹ ਪੁਰਾਣੇ ਨੇਮ ਨਾਲੋਂ ਉੱਤਮ ਹੈ (ਮੱਤੀ 12:8; ਮਰਕੁਸ 2:28; ਲੂਕਾ 6:5)।
16. *ਉਹ ਫ਼ਰਿਸ਼ਤਿਆਂ ਨਾਲੋਂ ਉੱਪਰ ਹੈ* (ਮੱਤੀ 13:41)।
17. *ਉਹਦੀ ਵਡਿਆਈ ਹੁੰਦੀ ਹੈ* (ਯੂਹੰਨਾ 1:51; 13:31)।
18. *ਉਹ ਪਾਪ ਮਾਫ਼ ਕਰਦਾ ਹੈ* (ਮੱਤੀ 12:32; ਮਰਕੁਸ 2:10; ਲੂਕਾ 5:24; 12:10)।
19. *ਉਹ ਅਖ਼ਤਿਆਰ ਵਾਲਾ ਹੈ* (ਮੱਤੀ 9:6; ਯੂਹੰਨਾ 5:27)।
20. *ਉਸਨੇ ਲਿਖਤ ਨੂੰ ਪੂਰਾ ਕੀਤਾ* (ਮੱਤੀ 26:24; ਮਰਕੁਸ 14:21ੳ; ਲੂਕਾ 18:31)।
21. *ਉਹ ਜ਼ਿੰਦਗੀ ਦਿੰਦਾ ਹੈ* ( ਯੂਹੰਨਾ 6:27, 53-56)।
22. *ਉਹ ਬਚਾਉਂਦਾ ਹੈ* (ਲੂਕਾ 19:10)।
23. *ਉਹਦੀ ਇਕ ''ਸਮਾਂ ਸਾਰਣੀ'' ਹੈ* (ਮਰਕੁਸ 14:41; ਯੂਹੰਨਾ 12:23)।

ਇਹ ਵਿਰੋਧਾਭਾਸ ਹੈ ਕਿ ਪਰਮੇਸ਼ੁਰ ਪੁੱਤਰ ਆਪਣੇ ਆਪ ਨੂੰ ''ਮਨੁੱਖ ਦਾ ਪੁੱਤਰ'' ਕਹੇ। ਉਹਨੇ ਇਹ ਕਿਉਂ ਕੀਤਾ? ਇਸ ਵਾਕ ਦੀ ਵਰਤੋਂ ਕਰਨ ਨਾਲ ਉਹਦੀ ਪਛਾਣ ਬੜੀ ਖ਼ੂਬਸੂਰਤੀ ਅਤੇ ਵਧੀਆ ਢੰਗ ਨਾਲ ਕੀਤੀ ਗਈ ਅਤੇ ਲੁਕ ਵੀ ਗਈ। ਇਸ ਨਾਲ ਉਸ ਨੂੰ ਇਕ ਮੰਚ ਮਿਲ ਵੀ ਗਿਆ ਜਿਸ ਤੋਂ ਉਹ ਧਰਤੀ ਉੱਤੇ ਆਪਣੀ ਸੇਵਕਾਈ ਦੌਰਾਨ ਆਪਣੇ ਸਾਰੇ ਸੁਭਾਅ ਅਤੇ ਪਛਾਣ ਨੂੰ ਵਧਣ ਵਿਚ ਵੱਸ ਵਿਚ ਵੀ ਰੱਖ ਸਕਿਆ। ਉਸਦੇ ਲਈ ਆਪਣੀ ''ਸਮਾਂ ਸਾਰਣੀ'' ਬਹੁਤ ਅਹਿਮ ਸੀ। ਰੱਬੀ, ਮਾਲਕ ਅਤੇ ਗੁਰੂ ਦੇ ਰੂਪ 'ਚ ਉਹ ਹਰ ਵਕਤ ਆਪਣੀ ''ਸਮਾਂ ਸਾਰਣੀ'' ਬਾਰੇ ਜਾਗਰੂਕ ਸੀ। ਮਿਸਾਲ ਦੇ ਤੌਰ ਤੇ ਸਿਖਾਉਣ ਦਾ ਸਭ ਤੋਂ ਮਸ਼ਹੂਰ ਢੰਗ ਦ੍ਰਿਸ਼ਟਾਂਤਾਂ ਨਾਲ ਸਿਖਾਉਣਾ ਸੀ। ਇਹ ਢੰਗ ਉਸਦੇ ਵੱਲੋਂ ਦੱਸੀਆਂ ਗਈਆਂ ਸੱਚਾਈਆਂ ਨੂੰ ਜ਼ਾਹਿਰ ਕਰਨ ਅਤੇ ਲੁਕਾਉਣ ਦੋਹਾਂ ਲਈ ਸਹੀ ਸੀ।[4] ਇਸੇ ਕਰਕੇ ਸੰਕੇਤਕ ਭਾਸ਼ਾ ਦੀਆਂ ਹੋਰ ਕੋਈ ਕਿਸਮਾਂ ਦੀ ਵਰਤੋਂ ਕਰਦਿਆਂ ਉਹਨੇ ਵਾਅਦਾ ਕੀਤਾ ਕਿ ਢੁਕਵਾਂ ਸਮਾਂ

ਆਉਣ ਤੇ ਉਹ ਸਾਫ਼ ਸਾਫ਼ ਦੱਸੇਗਾ।[5]

ਭਾਵੇਂ ਉਹਦਾ ਦੇਹ ਧਾਰਣ ਕਰਨਾ ਲੁਕੀ ਹੋਈ ਸੱਚਾਈ ਭਾਵ ਜ਼ਿੰਦਾ ਦ੍ਰਿਸ਼ਟਾਂਤ ਵਾਂਗ ਸੀ, ਜੇ ਮੰਨੋ। ਆਖ਼ਰ, ਭਲਾ ਖ਼ੁਦਾ ਨੂੰ ਸਿੱਧੇ ਅਤੇ ਆਹਮੋ-ਸਾਹਮਣੇ ਕੌਣ ਵੇਖ ਸਕਦਾ ਹੈ?[6] ਯਿਸੂ ਦੇਹ ਵਿਚ ਖ਼ੁਦਾ ਸੀ; ਅਤੇ ਦੇਹ ਦੇ ਪਰਦੇ ਕਰਕੇ, *ਕੋਈ ਮਨੁੱਖੀ ਜੀਵ ਉਸਨੂੰ ਵੇਖ ਸਕਦਾ ਸੀ* ਅਤੇ ਆਖ ਸਕਦਾ ਸੀ ਕਿ ''ਹੇ ਮੇਰੇ ਪ੍ਰਭੂ, ਹੇ ਮੇਰੇ ਪਰਮੇਸ਼ੁਰ'' (ਯੂਹੰਨਾ 20:28)। ਖ਼ੁਦਾ ਦੇ ਦੇਹ ਦੇ ਪਰਦੇ 'ਚ ਸਾਡੇ ਦਰਮਿਆਨ ਆਉਣ ਵੇਲੇ, ਉਹ ਪਰਦਾ ਯਿਸੂ ਦੀ ਦੇਹ ਦੇ ਵਿੰਨ੍ਹੇ ਜਾਣ[7] ਅਤੇ ਕਲਵਰੀ ਉੱਤੇ ਆਪਣਾ ਲਹੂ ਵਹਾਉਣ ਤੇ[8] ਖ਼ੁਦਾ ਦੇ ਵੱਡੇ ਪਿਆਰ, ਰਹਿਮ ਅਤੇ ਫ਼ਜ਼ਲ ਦਾ ਜਲਾਲੀ *ਮੁਕਾਸ਼ਫ਼ਾ* ਬਣ ਗਿਆ ਸੀ।

''ਪਰਮੇਸ਼ੁਰ ਪੁੱਤਰ'' ਨੇ ਬੜੀ ਚੌਕਸੀ ਨਾਲ ਆਪਣੀ ਪੂਰੀ ਪਛਾਣ ਅਤੇ ਭੂਮਿਕਾ ਬਾਰੇ ਲੋਕਾਂ ਦੀ ਸਮਝ ਤੇ ਕਾਬੂ ਰੱਖਿਆ।

---

ਟਿੱਪਣੀਆਂ

[1]ਯੂਹੰਨਾ 2:11, 23, 24; 6:14, 15, 60-71; ਮੱਤੀ 12:38, 39; ਆਦਿ। [2]ਮੱਤੀ 20:34; ਮਰਕੁਸ 5:19; ਲੂਕਾ 7:11-15. [3]ਸੀ. ਐਸ. ਮੰਨ, *ਮਾਰਕ,* ਦਿ ਐਂਕਰ ਬਾਈਬਲ, ਜਿਲਦ 27 (ਗਾਰਡਨ ਸਿਟੀ, ਨਿਊ ਯਾਰਕ: ਡਬਲਡੇ, 1986), 106-14 ਵਿਚ ਸੰਖੇਪ ਚਰਚਾ ਵੇਖੋ। [4]ਮੱਤੀ 13:10-13, 34, 35; ਮਰਕੁਸ 4:10-12, 33, 34; ਲੂਕਾ 8:10. [5]ਯੂਹੰਨਾ 10:6; 16:25, 29, 30. *Paroimia* = ਰੂਪਕ, ਸ਼ਕਲ, ਕਹਾਵਤ, ਦ੍ਰਿਸ਼ਟਾਂਤ। ਅੰਗ੍ਰੇਜ਼ੀ ਦੇ ਵੱਖ-ਵੱਖ ਅਨੁਵਾਦ ਵੇਖੋ। [6]ਕੂਚ 33:20; ਯੂਹੰਨਾ 1:18; 6:46; 1 ਤਿਮੋਥਿਉਸ 6:15, 16; 1 ਯੂਹੰਨਾ 4:12ੳ। [7]ਯਿਸੂ ਦੀ ''ਦੇਹ ਦਾ ਪਰਦਾ'' ਵਿੰਨ੍ਹੇ ਜਾਣ ਤੇ ਸੰਕੇਤਕ ਤੌਰ ਤੇ ਹੈਕਲ ਦਾ ਪਰਦਾ ਪਾਟ ਗਿਆ ਸੀ (ਮੱਤੀ 27:51; ਮਰਕੁਸ 15:38; ਲੂਕਾ 23:45)। [8]''... ਸਾਡੇ ਲੇਖਕ ਨੇ ਪਰਦੇ ਨੂੰ ਸਾਡੇ ਪ੍ਰਭੂ ਦੇ ਮਨੁੱਖੀ ਜ਼ਿੰਦਗੀ ਦੇ ਸੰਕੇਤ ਦੇ ਤੌਰ ਤੇ ਵੇਖਿਆ। ...'' ਐਫ਼. ਐਫ਼. ਬਰੂਸ, *ਦਿ ਐਪਿਸਟਲ ਟੂ ਹਿਬਰੂਜ਼* [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1964], 249)।

---

## ''ਮਨੁੱਖ ਦਾ ਪੁੱਤਰ''

ਹੋ ਸਕਦਾ ਹੈ ਅਸੀਂ ''ਮਨੁੱਖ ਦਾ ਪੁੱਤਰ'' ਸ਼ਬਦ ਤੋਂ ਯਿਸੂ ਨੂੰ ਇਕ ਮਨੁੱਖ ਦੇ ਤੌਰ ਵੇਖਣ ਲੱਗ ਪਈਏ। ਪਰ ਜੇ ਅਸੀਂ ਯਿਸੂ ਦੇ ਵਕਤ ਹੁੰਦੇ ਤਾਂ ਇਸ ਸ਼ਬਦ ਦਾ ਉਲਟ ਅਸਰ ਹੋਣਾ ਸੀ। ਇਸ ਵਾਕ ਅੰਸ਼ ਨਾਲ ਅਸੀਂ ਯਿਸੂ ਨੂੰ ਝੱਟ ''ਸੁਰਗੀ ਵਿਅਕਤੀ'' ਦੇ ਤੌਰ ਤੇ ਪਛਾਣ ਲੈਣਾ ਸੀ। ਕਿਉਂ? ਕਿਉਂਕਿ ਯਿਸੂ ਅਪੋਕਲਿਪਿਟਕ ਸਮੇਂ ਵਿਚ ਰਹਿੰਦਾ ਸੀ। ਸਾਨੂੰ ਅਪੋਕਲਿਪਿਟਕ ਦਾ ਅਰਥ ਤਾਂ ਪਤਾ ਨਹੀਂ ਲਗ ਸਕਦਾ,[1] ਪਰ ਕੁਝ ਵਿਆਖਿਆਤਮਕ ਟਿੱਪਣੀਆਂ ਨਾਲ ਆਪਣੇ ਬਾਰੇ ਵਿਚ ਯਿਸੂ ਦੇ ਪਸੰਦੀਦਾ ਸ਼ਬਦਾਂ ''ਮਨੁੱਖ ਦਾ ਪੁੱਤਰ'' ਨੂੰ ਚੰਗੀ ਤਰ੍ਹਾਂ ਸਮਝਣ ਵਿਚ ਮਦਦ ਜ਼ਰੂਰ ਮਿਲ ਸਕਦੀ ਹੈ।

ਯਹੂਦੀ ਲੋਕਾਂ ਲਈ 200ਈ.ਪੂ. ਤੋਂ ਲਗਭਗ 100ਈਸਵੀ ਤਕ ਦਾ ਸੰਸਾਰ ''ਪਤਨ ਹੋਇਆ'' ਸੰਸਾਰ ਸੀ। ਇਸ ਤੋਂ ਪਹਿਲੀਆਂ ਦੀਆਂ ਸਦੀਆਂ ਵਿਚ ਯਹੂਦੀ ਲੋਕਾਂ ਨੇ ਇਕ ਤੋਂ ਇਕ ਮੁਸੀਬਤ ਝੱਲੀ ਸੀ। 721ਈ.ਪੂ. ਵਿਚ ਇਸਰਾਏਲ ਦੀ ਹਕੂਮਤ ਅੱਸ਼ੂਰ ਦੇ ਅਧੀਨ ਹੋ ਗਈ ਸੀ।

606 ਤੋਂ 586ਈ.ਪੂ. ਤਕ ਯਹੂਦਾ ਉੱਤੇ ਚੜ੍ਹਾਈ ਕਰਕੇ ਇਹਦੇ ਲੋਕਾਂ ਨੂੰ ਬੰਦੀ ਬਣਾ ਕੇ ਬਾਬੁਲ ਲਿਆਂਦਾ ਗਿਆ ਅਤੇ ਉਨ੍ਹਾਂ ਦੀ ਹੈਕਲ ਅਤੇ ਅਜ਼ੀਜ਼ ਸ਼ਹਿਰ ਨੂੰ ਬਰਬਾਦ ਕਰ ਦਿੱਤਾ ਗਿਆ ਸੀ। 539ਈ.ਪੂ. ਵਿਚ ਫ਼ਰੀਸੀਆਂ ਨੇ ਬਾਬੁਲ ਨੂੰ ਜਿੱਤ ਕੇ ਥੋੜ੍ਹੀ ਦੇਰ ਬਾਅਦ ਹੀ ਯਹੂਦੀਆਂ ਨੂੰ ਵਾਪਸ ਆਪਣੇ ਦੇਸ਼ ਚਲੇ ਜਾਣ ਦੀ ਇਜਾਜ਼ਤ ਦੇ ਦਿੱਤੀ ਸੀ। ਅਖ਼ੀਰ ਉੱਥੇ ਉਨ੍ਹਾਂ ਨੂੰ ਯੂਨਾਨੀਆਂ, ਮਿਸਰੀਆਂ ਅਤੇ ਰੋਮੀ ਹਕੂਮਤ ਦੀਆਂ ਸਖ਼ਤ ਮਾਰਾਂ ਵੀ ਸਹਿਣੀਆਂ ਪਈਆਂ। ਹੈਕਲ ਨੂੰ ਫੇਰ ਬਣਾ ਲੈਣ (515ਈ.ਪੂ.) ਅਤੇ ਕੁਝ ਸਮੇਂ ਲਈ ਸੀਰੀਆ ਦੀ ਹਕੂਮਤ ਤੋਂ ਅਜ਼ਾਦੀ ਪਾ ਲੈਣ ਦੇ ਬਾਵਜੂਦ (ਲਗਭਗ 165-163ਈ.ਪੂ.), ਉਹ 63ਈ.ਪੂ. ਤੋਂ ਸਦੀਆਂ ਤਕ ਸਿੱਧੇ ਤੌਰ ਤੇ ਰੋਮੀ ਹਕੂਮਤ ਦੇ ਅਧੀਨ ਰਹੇ। 70ਈਸਵੀ ਵਿਚ ਰੋਮੀਆਂ ਨੇ ਹੈਕਲ ਨੂੰ ਤਬਾਹ ਕਰ ਦਿੱਤਾ ਸੀ।

ਐਨਾ ਲੰਮਾ ਸਮਾਂ ਰਹਿਣ ਵਾਲੀ ਹਾਰ ਕਰਕੇ ਯਹੂਦੀਆਂ ਦੀਆਂ ਪੀੜ੍ਹੀਆਂ ਹਤਾਸ਼ ਅਤੇ ਪਰੇਸ਼ਾਨ ਹੋ ਗਈਆਂ ਸਨ। ਉਨ੍ਹਾਂ ਦੀਆਂ ਕੌਮੀ ਉਮੀਦਾਂ ਨੂੰ ਧੱਕਾ ਲੱਗਾ ਸੀ। ਉਨ੍ਹਾਂ ਨੇ ਆਪਣੇ ਨਬੀਆਂ ਦੀਆਂ ਕਿਤਾਬਾਂ ਦਾ ਅਰਥ ਨਵੇਂ ਸਿਰਿਓਂ ਕੱਢਣ ਦੀ ਲੋੜ ਮਹਿਸੂਸ ਕੀਤੀ। ਕਈਆਂ ਲਈ ਇਹ ਆਸ ਦੀ ਮੁੜ ਵਿਆਖਿਆ ਜਾਂ ਜਾਂਦੇ ਰਹਿਣਾ ਸੀ। ਉਨ੍ਹਾਂ ਦਾ ਵਾਅਦਾ ਕੀਤਾ ਰਾਜ ਕਿੱਥੇ ਗਿਆ ਸੀ? ਖ਼ੁਦਾ ਦੇ ਠਹਿਰਾਏ ਹੋਏ ਵੱਲੋਂ ਉਸ ਵੱਡੀ ਬਹਾਲੀ ਅਤੇ ਵਾਅਦਾ ਕੀਤੇ ਹੋਏ ਮਸੀਹਾ ਦੇ ਰਾਜ ਦੇ ਵਾਅਦੇ ਦਾ ਕੀ ਬਣਿਆ?[2]

ਸੰਤਾਪ ਦੇ ਇਸ ਕੜਾਹੇ ਨਾਲ ਖ਼ੁਦਾ ਦੇ ਨਿਰਾਸ਼ ਲੋਕਾਂ ਵਿਚ ਆਸ ਜਗਾਉਣ ਲਈ ਸਾਹਿਤ ਦੀ ਇਕ ਕਿਸਮ ਨਿਕਲੀ। ਆਸ ਦਾ ਇਹ ਸੰਦੇਸ਼ ਆਮ ਤੌਰ ਤੇ ਵਿਸਤਾਰਤ, ਸੰਕੇਤਕ ਭਾਸ਼ਾ ਵਿਚ ਸੀ। ਅਜਿਹੀ ਲਿਖਤ ਦਾ ਅਧਾਰ ਇਹ ਮਾਨਤਾ ਸੀ ਕਿ ਖ਼ੁਦਾ ਨੇ ਮਨੁੱਖੀ ਕੌਮ ਦੀ ਬੁਰਿਆਈ ਕਰਕੇ ਇਤਿਹਾਸ ਵਿਚ ਉਨ੍ਹਾਂ ਨੂੰ ''ਛੱਡ ਦਿੱਤਾ'' ਸੀ, ਪਰ ਕੰਟਰੋਲ ਅਜੇ ਵੀ ਖ਼ੁਦਾ ਦੇ ਹੱਥ 'ਚ *ਸੀ*। ਖ਼ੁਦਾ ਨੇ ਸੰਸਾਰ ਤੇ ਫ਼ਤਹਿ ਪਾ ਲੈਣੀ ਸੀ ਅਤੇ ਸਮੇਂ ਜਾਂ ਉਤਰ ਇਤਿਹਾਸ ਰਾਜ ਵਿਚ ਧਰਮੀਆਂ ਨੂੰ ਬਦਲਾ ਦਿੱਤਾ ਜਾਣਾ ਸੀ। ਲਿਖਤ ਵਿਚਲੇ ਵਾਅਦਿਆਂ ਦੇ ਸੱਚੇ ਹੋਣ ਦੀ ਆਸ ਸੀ, ਪਰ ਇਕ ''ਨਵੇਂ'' ਢੰਗ ਨਾਲ।[3]

ਇਸ ਸਦੰਰਭ ਵਿਚ ''ਮਨੁੱਖ ਦਾ ਪੁੱਤਰ'' ਵਾਕ ਅੰਸ਼ ਦੀ ਅਹਿਮੀਅਤ ਹੈਰਾਨ ਕਰਨ ਵਾਲੀ ਸੀ। ਇਸ ਵਿਚ ''ਸੁਰਗੀ ਮੂਲ'' ਦਾ ਸੰਕੇਤ ਸੀ। ਦਾਨੀਏਲ ਦੇ ਅਧਿਆਇ 7 ਤੋਂ 12 ਤਕ ਦੇ ਅਪੋਕਲਿਪਟਿਕ ਭਾਗ ਵਿਚ ''ਮਨੁੱਖ ਦੇ ਪੁੱਤਰ'' ਦੇ ''ਅਤਿ ਪ੍ਰਾਚੀਨ'' ਹੋਣ ਦਾ ਸੰਕੇਤ ਹੈ। ਉਸ ਨੂੰ ਇਕ ਰਾਜ ਦਿੱਤਾ ਗਿਆ ਸੀ ਜੋ ''ਮਿਟੇਗਾ ਨਾ'' (7:14)। ਧਰਤੀ ਦੇ ਰਾਜਾਂ ਦੇ ਮੁਕਾਬਲੇ, ਦਾਨੀਏਲ ਨੇ ਕਿਹਾ ਕਿ ''ਅਤਿ ਮਹਾਨ ਦੇ ਸੰਤਾਂ ਨੂੰ ਉਸਦਾ ਰਾਜ ਦਿੱਤਾ ਜਾਵੇਗਾ ਅਤੇ ਉਹ ਉਸ ਉੱਤੇ ਹਮੇਸ਼ਾ ਲਈ ਰਾਜ ਕਰਨਗੇ।''[4] ਯਹੂਦੀਆਂ ਦੀਆਂ ਅਪੋਕਲਿਪਟਿਕ ਆਸਾਂ ਦਾ ਅਧਾਰ ''ਅਤਿ ਪ੍ਰਾਚੀਨ'' (ਖ਼ੁਦਾ) ਸੀ, ਜਿਸਨੇ ''ਮਨੁੱਖ ਦੇ ਪੁੱਤਰ'' ਦੇ ਆਉਣ ਵੱਲੋਂ ਉਨ੍ਹਾਂ ਵੱਲੋਂ ਮਨੁੱਖੀ ਇਤਿਹਾਸ ਵਿਚ ਦਖ਼ਲਅੰਦਾਜ਼ੀ ਕਰਨੀ ਸੀ। ਉਹਨੇ ਉਨ੍ਹਾਂ ਦਾ ਬਦਲਾ ਲੈਣਾ ਸੀ ਭਾਵ ਉਹਨੇ ਹਕੂਮਤ ਕਰਨੀ ਸੀ ਅਤੇ ਉਨ੍ਹਾਂ ਨੇ ਰਾਜ ਦਾ ਉੱਤਰਾਧਿਕਾਰੀ ਹੋਣਾ ਸੀ।

ਬਿਨਾ ਕਿਸੇ ਸ਼ੱਕ ਦੇ ਅਖ਼ੀਰ ਮੁੱਢਲੇ ਮਸੀਹੀ ਲੋਕਾਂ ਨੇ ਯਿਸੂ ਨੂੰ ਪੁਰਾਣੇ ਨੇਮ ਵਿਚਲੇ ਵਾਅਦਾ ਕੀਤੇ ''ਮਨੁੱਖ ਦੇ ਪੁੱਤਰ'' ਦੇ ਰੂਪ 'ਚ ਵੇਖਿਆ ਸੀ। ਇਹਦਾ ਮਤਲਬ ਹੈ ਕਿ ਉਨ੍ਹਾਂ ਨੇ ਉਸਨੂੰ ਸੁਰਗੀ ਰਾਜ ਦੇ ਵਿਅਕਤੀ ਦੇ ਰੂਪ 'ਚ ਮੰਨ ਲਿਆ ਕਿ ਉਹ ਖ਼ੁਦਾ ਹੈ। ਉਹ ਸੁਲੇਮਾਨ (2 ਸਮੂਏਲ 7:14) ਜਾਂ ਇਸਰਾਏਲੀਆਂ ਵਾਂਗ (ਕੂਚ 4:22, 23) ਖ਼ੁਦਾ ਦਾ ਪੁੱਤਰ ਨਹੀਂ ਸੀ। ''ਮਨੁੱਖ ਦਾ ਪੁੱਤਰ'' ਦੇ ਰੂਪ 'ਚ ਉਹ ਜ਼ਬੂਰ 8:4-6 (ਵੇਖੋ ਇਬਰਾਨੀਆਂ 2:5-

11; 1 ਕੁਰਿੰਥੀਆਂ 15:27; ਅਫ਼ਸੀਆਂ 1:22) ਅਤੇ ਯਸਾਯਾਹ 7:14 (ਵੇਖੋ ਮੱਤੀ 1:22, 23) ਦਾ ਪੂਰਾ ਹੋਣਾ ਸੀ। ਅਸਲ 'ਚ ਉਹ ਅਪੋਕਲਿਪਟਿਕ ਫ਼ਤਹਿਮੰਦ, ਅਰਥਾਤ ਖ਼ੁਦਾ ਸੀ। ਉਸਨੂੰ ਉਸਦੀ ਜਲਾਲੀ ਸ਼ਾਨ ਵਿਚ ''ਪਹਿਲਾ ਅਤੇ ਪਿਛਲਾ ਅਤੇ ਜਿਊਂਦਾ ...'' ਦੇ ਤੌਰ ਤੇ ਵੇਖਿਆ ਜਾਂਦਾ ਸੀ (ਪ੍ਰਕਾਸ਼ ਦੀ ਪੋਥੀ 1:12-18)।

ਫਿਰ ਬਾਰ-ਬਾਰ ਯਿਸੂ ਤੋਂ ਆਪਣੇ ਲਈ ''ਮਨੁੱਖ ਦਾ ਪੁੱਤਰ'' ਵਾਕ ਅੰਸ਼ ਸੁਣਨ ਵਾਲੇ ਉਸਨੂੰ ਆਪਣੀਆਂ ਆਸਾਂ ਅਤੇ ਸੁਫ਼ਨਿਆਂ ਨੂੰ ਪੂਰਾ ਹੋਣ ਦੇ ਤੌਰ ਤੇ ਕਬੂਲ ਕਿਉਂ ਨਹੀਂ ਕਰ ਸਕੇ? ਉਸਦੇ ਦੇਹ ਧਾਰੀ ਹੋਣ ਕਰਕੇ। ਅਪੋਕਲਿਪਟਿਕ ਭਾਸ਼ਾ ਦਾ ਅਰਥ ਕਰਨ ਵਾਲੇ ਯਹੂਦੀਆਂ ਨੇ ਆਪਣੀ ਸੋਚ ਬਦਲ ਕੇ ਇਬਰਾਨੀ ਲਿਖਤਾਂ ਦਾ ਨਵਾਂ ਹੀ ਅਰਥ ਕੱਢਿਆ ਸੀ। ਉਨ੍ਹਾਂ ਦੀ ਨਵੀਂ ਵਿਆਖਿਆ ਮੁਤਾਬਕ ਉਨ੍ਹਾਂ ਦੀਆਂ ਬਿਪਤਾਵਾਂ ਛੇਤੀ ਹੀ ਜਾਂ ਸਮੇਂ ਦੇ ਅੰਤ ਵਿਚ ਖ਼ੁਦਾ ਦੀ ਨਿੱਜੀ ਦਖ਼ਲਅੰਦਾਜ਼ੀ ਤੋਂ ਘੱਟ ਨਹੀਂ ਸੀ। ਪੁਰਾਣਾ ਪ੍ਰਬੰਧ ਖ਼ਤਮ ਹੋ ਜਾਣਾ ਸੀ। ਖ਼ੁਦਾ ਦੀ ਅਪੋਕਲਿਪਟਿਕ ਭਾਸ਼ਾ ਨੇ ਉਨ੍ਹਾਂ ਨੂੰ ਮੁੜ ਤੋਂ ਸ਼ਾਨ ਨਾਲ ਇਕੱਠੇ ਹੋਣ ਦਾ ਭਰੋਸਾ ਦੇਣਾ ਸੀ। ''ਮਨੁੱਖ ਦਾ ਪੁੱਤਰ'' ਇਸ ਜਲਾਲ ਨੂੰ ਪਾਉਣ ਲਈ ਇਕ ਪ੍ਰੇਰਕ ਤੱਤ ਹੋਣਾ ਸੀ।

ਸਪੱਸ਼ਟ ਹੈ ਕਿ ਮਨੁੱਖੀ ਜੀਵ ਅਜਿਹੀਆਂ ਆਸਾਂ ਪੂਰੀਆਂ ਨਹੀਂ ਕਰ ਸਕਦਾ ਸੀ। ਕੋਈ ਨਾਸਵਾਨ ਇਤਿਹਾਸ ਅਤੇ ਹਕੀਕਤ ਨੂੰ ਬਦਲ ਕੇ ਇਕ ਯੁੱਗ ਵਿਚ ਸਿੱਧ ਹੋ ਕੇ ਦੂਜੇ ਵਿਚ ਨਹੀਂ ਲਿਜਾ ਸਕਦਾ ਸੀ। ਦੇਹ ਵਿਚ ਯਿਸੂ ਉਨ੍ਹਾਂ ਦੇ ਅਪੋਕਲਪਟਿਕ ਦਰਸ਼ਨ ਨਾਲ ਨਹੀਂ ਮੇਲ ਖਾਂਦਾ ਸੀ। ਭਾਵੇਂ ਉਹਨੇ ਬਾਰ-ਬਾਰ ਆਪਣੇ ਆਪ ਨੂੰ ''ਮਨੁੱਖ ਦਾ ਪੁੱਤਰ'' ਕਿਹਾ ਪਰ ਉਹਦੇ ਮਨੁੱਖ ਹੋਣ ਨੇ ਉਹਦੇ ਖ਼ੁਦਾ ਹੋਣ ਨੂੰ ਲੁਕਾ ਲਿਆ। ਉਸ ਨੇ ਬਾਰ-ਬਾਰ ਜ਼ੋਰ ਦਿੱਤਾ ਕਿ ਖ਼ੁਦਾ ਦਾ ਰਾਜ ਨੇੜੇ ਹੈ, ਪਰ ਲੋਕਾਂ ਨੂੰ ਇਸਦੀ ਅਪੋਕਲਿਪਟਿਕ ਸ਼ਾਨ ਅਤੇ ਅਹਿਮੀਅਤ ਦਾ ਸੰਕੇਤ ਨਜ਼ਰ ਨਹੀਂ ਆਇਆ। ਛੁਟਕਾਰੇ ਅਤੇ ਸ਼ਾਨ ਦੀ ਬਹਾਲੀ ਦੇ ਉਨ੍ਹਾਂ ਦੇ ਦਰਸ਼ਨ ਵਿਚ ''ਦੇਹ-ਵਿਚ-ਖ਼ੁਦਾ'' ਸ਼ਾਮਿਲ ਨਹੀਂ ਸੀ।

ਯਿਸੂ ਦੀ ਸੇਵਕਾਈ ਨੇ ਇਕ ਤੈਅ ''ਸਮਾਂ ਸਾਰਣੀ'' 'ਤੇ ਉਹਦੀ ਪਛਾਣ ਅਤੇ ਮਕਸਦ ਜ਼ਾਹਿਰ ਕੀਤਾ। ਯਿਸੂ ਨੇ ਕਿਸੇ ਵੀ ਹੋਰ ਅਚੰਭੇ ਕੰਮ ਕਰਨ ਵਾਲੇ ਵਰਗਾ ਲੱਗਣ ਤੋਂ ਬਚਣ ਲਈ ਆਪਣੇ ਮੋਅਜਜ਼ਿਆਂ ਦੀ ਸਾਂਭ ਕੀਤੀ। ਉਹ ''ਝੂਠੇ ਮਸੀਹਾਂ'' ਵਿੱਚੋਂ ਇਕ ਹੋਣ ਦਾ ਠੱਪਾ ਲਵਾਉਣ ਤੋਂ ਬਚਣ ਲਈ ਮਸੀਹਾ ਦੇ ਤੌਰ 'ਤੇ ਆਪਣੀ ਪਛਾਣ ਜ਼ਾਹਿਰ ਕਰਨ ਵਿਚ ਚੌਕਸ ਸੀ (ਮਰਕੁਸ 13:21-23)। ਉਹਨੇ ''ਮਨੁੱਖ ਦਾ ਪੁੱਤਰ'' ਸ਼ਬਦ ਦੀ ਵਰਤੋਂ ਇਹ ਜਾਣਦਿਆਂ ਕੀਤੀ ਕਿ ਨਬੂਵਤ ਦੀ ਭਾਸ਼ਾ ਦਾ ਅਰਥ ਕਰਨ ਵਾਲੇ ਲੋਕ ਕਦੇ ਵੀ ਉਹਨੂੰ ''ਆਪਣੀ'' ਮਨੁੱਖ ਦੇ ਪੁੱਤਰ ਦੀ ਭੂਮਿਕਾ ਨੂੰ ਪੂਰਾ ਕਰਦਿਆਂ ਨਹੀਂ ਵੇਖਣਗੇ। ਉਹਨੇ ਆਪਣੀ ਸੇਵਕਾਈ ਵਿਚ ''ਅਸਿੱਧੇ'' ਢੰਗ ਦੀ ਵਰਤੋਂ ਕਿਉਂ ਕੀਤੀ? ਮਨੁੱਖ ਦੇ ਪਾਪ ਵਿਚ ਡਿੱਗਣ ਤੋਂ ਬਾਅਦ ਖ਼ੁਦਾ ਅਜੇ ਤਕ ਮਨੁੱਖ ਦੇ ਰੂ-ਬ-ਰੂ ਨਹੀਂ ਹੋਇਆ ਸੀ।

> [ਖ਼ੁਦਾ ਨੇ] ਜਿਹੜਾ ਧੰਨ ਅਤੇ ਅਦੁੱਤੀ ਸਰਬ ਸ਼ਕਤੀਮਾਨ ਹੈ, ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ ਹੈ, ਅਮਰਤਾਈ ਇਕੱਲੇ ਓਸੇ ਦੀ ਹੈ ਅਤੇ ਉਹ ਅਣਪੁੱਜ ਜੋਤ ਵਿਚ ਵੱਸਦਾ ਹੈ ਅਤੇ ਮਨੁੱਖਾਂ ਵਿੱਚੋਂ ਕਿਨੇ ਉਸ ਨੂੰ ਨਹੀਂ ਵੇਖਿਆ, ਨਾ ਉਹ ਕਿਸੇ ਤੋਂ ਵੇਖਿਆ ਜਾ ਸੱਕਦਾ ਹੈ ...'' (1 ਤਿਮੋਥਿਉਸ 6:15ਅ, 16)।

ਜੇ ਖ਼ੁਦਾ ਆਪਣੀ ''ਅਣਪੁੱਜ ਜੋਤ'' ਵਿਚ ਸਿੱਧੇ ਮਨੁੱਖ ਦੇ ਸਾਹਮਣੇ ਉਹਦੇ ਪਾਪੀ ਹੋਣ ਦੀ ਹਾਲਤ ਵਿਚ ਆ ਜਾਵੇ ਤਾਂ ਇਹਦਾ ਨਤੀਜਾ ਤਬਾਹਕੁੰਨ ਹੋਵੇਗਾ। ਇਸ ਕਰਕੇ ਖ਼ੁਦਾ ਦੇ ਤੌਰ 'ਤੇ ਯਿਸੂ ਦੇਹ

ਦੇ ਪਰਦੇ ਵਿਚ ਦੇਹਧਾਰੀ ਹੋਇਆ। ਇਸ ਤਰ੍ਹਾਂ ਉਹ ਉਨ੍ਹਾਂ ਨੂੰ ਆਪਣੀ ਤੇਜ਼ ਚਮਕ ਅਤੇ ਸ਼ਕਤੀ ਨਾਲ ਭਸਮ ਕੀਤੇ ਬਗ਼ੈਰ ''ਗੁਆਚੇ ਹੋਇਆ ਨੂੰ ਲੱਭ'' ਸਕਿਆ। ਜੇ ਖ਼ੁਦਾ ''ਅਣਪੁੱਜ ਜੋਤ'' ਵਿਚ ਰਹਿੰਦਾ ਹੈ ਤਾਂ ਭਲਾ ਇਹਦਾ ਮਤਲਬ ਇਹ ਨਹੀਂ ਹੋਇਆ ਕਿ ਆਪਣੀ ਬੇਪਰਦ, ਪਵਿੱਤਰਤਤਾਈ ਵਿਚ ਉਹ ਸਾਡੇ ਪਾਪੀ ਹੋਣ ਦੀ ਹਾਲਤ ਵਿਚ ਨਹੀਂ ਆ ਸਕਦਾ ਸੀ? ਪਰ ਉਹ ਸਾਡੇ ਦਰਮਿਆਨ ਸੀ! ''ਪਰਮੇਸ਼ੁਰ ਮਸੀਹ ਵਿਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ'' (2 ਕੁਰਿੰਥੀਆਂ 5:19)।

ਹੈਰਾਨੀਜਨਕ ਇਸ ਸੱਚਾਈ ਨੂੰ ਰੌਸ਼ਨੀ ਵਿਚ ਲਿਆਉਂਦਿਆਂ ਯਿਸੂ ਨੇ ਸਮਝਦਾਰੀ ਵਰਤੀ। ਉਹਨੇ ਆਪਣੇ ਮਸੀਹਾ ਹੋਣ 'ਤੇ ਜ਼ੋਰ ਨਹੀਂ ਦਿੱਤਾ, ਪਰ ਉਹਨੇ ਖ਼ੁਦਾ ਦਾ ਮਸੀਹ ਹੋਣ ਦੀ ਗੱਲ ਜ਼ਰੂਰ ਮੰਨੀ (ਯੂਹੰਨਾ 4:25, 26)। ਉਹਨੇ ਅਚੰਭਿਆਂ ਦੀ ਉਮੀਦ ਕਰਨ ਵਾਲੇ ਖੋਜੀਆਂ ਨੂੰ ਹੈਰਾਨ ਕਰਨ ਲਈ ਨਹੀਂ, ਬਲਕਿ ਆਪਣੇ ਮਸੀਹ ਹੋਣ ਨੂੰ ਸਾਬਿਤ ਕਰਨ ਲਈ ਤਰਸ ਵਿਖਾਉਂਦਿਆਂ ਮੋਅਜਜ਼ੇ ਕੀਤੇ (ਲੂਕਾ 7:11-17; ਯੂਹੰਨਾ 20:30, 31)। ਉਹ ਆਪਣੇ ਸਮਕਾਲੀਆਂ ਦੀਆਂ ਅਪੋਕਲਿਪਟਿਕ ਉਮੀਦਾਂ ਨਾਲ ਮੇਲ ਨਹੀਂ ਖਾਂਦਾ ਸੀ, ਪਰ ਉਹਨੇ ਇਹ ਜ਼ਰੂਰ ਦੱਸਿਆ ਕਿ ਉਹ ''ਮਨੁੱਖ ਦਾ ਪੁੱਤਰ'' ਹੈ (ਸਫ਼ਾ 124 'ਤੇ ਦਿੱਤੀਆਂ ਗਈਆਂ ਖੂਬੀਆਂ ਵੇਖੋ)। ਉਹਨੇ ਨਬੂਵਤ ਕਰਨ ਵਾਲਿਆਂ ਵਾਂਗ ਪ੍ਰਚਾਰ ਨਹੀਂ ਕੀਤਾ ਕਿ ਖ਼ੁਦਾ ਦਾ ਰਾਜ ਦੁਨੀਆ ਦੇ ਅੰਤ ਦੀ ਇਕ ਘਟਨਾ ਹੈ; ਬਲਕਿ ਉਹਨੇ ਰਾਜ ਦੇ ਨੇੜੇ ਹੋਣ ਅਤੇ ਆਪਣੀ ਪੀੜ੍ਹੀ ਵਿਚ ਹੀ ਇਸਦੇ ਆ ਜਾਣ ਦਾ ਐਲਾਨ ਕੀਤਾ (ਮਰਕੁਸ 1:14, 15; 9:1)। ਇਸੇ ਕਰਕੇ ਕਿਸੇ ਨੇ ਠੀਕ ਹੀ ਕਿਹਾ ਹੈ, ''ਅਸੀਂ ਕਿਸੇ ਵੀ ਤਰ੍ਹਾਂ ਯਿਸੂ ਦੀ ਵਿਆਖਿਆ ਅਪੋਕਲਿਪਟਿਕ [ਨਬੂਵਤ ਦੀ] ਭਾਸ਼ਾ ਦੀ ਰੌਸ਼ਨੀ ਵਿਚ ਨਹੀਂ, ਪਰ ... ਯਿਸੂ ਦੇ ਪ੍ਰਕਾਸ਼ ਵਿਚ ਅਪੋਕਲਿਪਟਿਕ ਦੀ ਵਿਆਖਿਆ ਕਰਦੇ ਹਾਂ।''[5]

---

ਟਿੱਪਣੀਆਂ

[1]*ਜੌਹਨਾਈਨ ਸਟੱਡੀਜ਼: ਐੱਸੇਜ਼ ਇਨ ਆਨਰ ਆਫ਼ ਫ਼੍ਰੈਂਕ ਪੈਕ*, ਸੰਪਾ. ਜੇਮਸ ਈ. ਪ੍ਰੀਸਟ (ਮੈਲਿਬੂ, ਕੈਲੀਫ਼ੋਰਨੀਆ: ਪੈਪਰਾਡਾਈਨ ਯੂਨੀਵਰਸਿਟੀ ਪ੍ਰੈੱਸ, 1989), 182-204 ਵਿਚ ਤੁਲਨਾ ਕਰੋ ਜੇਮਸ ਈ. ਪ੍ਰੀਸਟ, ''ਕੰਟੰਪ੍ਰੇਰੀ ਅਪੋਕਲਿਪਟਿਕ ਸਕਾਲਰਸ਼ਿਪ ਐਂਡ ਦ ਰੈਵਲੇਸ਼ਨ।'' [2]ਤੁਲਨਾ ਕਰੋ ਜੌਨ ਜੇ. ਕੌਲਿੰਸ, *ਦਿ ਸੈਪਟਰ ਐਂਡ ਦ ਸਟਾਰ: ਦਿ ਮਸਾਯਾਹ ਆਫ਼ ਦ ਡੈੱਡ ਸੀ ਸਕ੍ਰੌਲਜ਼ ਐਂਡ ਅਦਰ ਐਨਸਿਏਂਟ ਲਿਟਰੇਚਰ,* ਦ ਐਂਕਰ ਬਾਈਬਲ ਰੈਫ਼ਰੈਂਸ ਲਾਇਬ੍ਰੇਰੀ, ਸਧਾ. ਅੰਕ ਡੇਵਿਡ ਨੋਇਲ ਫ਼੍ਰੀਡਮੈਨ (ਨਿਊ ਯਾਰਕ: ਡਬਲਡੇ, 1995), 204-9. ਇਸ ਕਿਤਾਬ ਵਿਚ ਯਿਸੂ ਦੇ ਜਨਮ ਤੋਂ ਪਹਿਲਾਂ ਅਤੇ ਬਾਅਦ ਵਿਚ ਮਸੀਹਾਂ ਬਾਰੇ ਸਾਹਿਤ ਵਿਚ ਪਾਏ ਜਾਣ ਵਾਲੇ ਯਹੂਦੀਆਂ ਵਿਚ ਪਾਏ ਜਾਣ ਵਾਲੇ ਬਹੁਤ ਸਾਰੇ ਵੱਖੋ-ਵੱਖ ਵਿਚਾਰਾਂ ਦਾ ਚੌਕਸੀ ਨਾਲ ਕੀਤਾ ਗਿਆ ਵਿਸ਼ਲੇਸ਼ਣ ਮਿਲਦਾ ਹੈ। ''ਯਿਸੂ ਅਤੇ ਦਾਊਦ ਵਾਲਾ ਮਸੀਹ'' ਖ਼ਾਸ ਦਿਲਚਸਪੀ ਦਾ ਵਿਸ਼ਾ ਹੈ। [3]*ਦਿ ਓਲਡ ਟੈਸਟਾਮੈਂਟ ਸੂਡੇਪਿਗ੍ਰਾਫ਼ਾ,* ਜਿਲਦ 1, ਅਪੋਕਲਿਪਟਿਕ ਲਿਟ੍ਰੇਚਰ ਐਂਡ ਟੈਸਟਾਮੈਂਟਸ, ਸੰਪਾ. ਜੇਮਸ ਐੱਚ. ਚਾਰਲਸਵਰਥ (ਗਾਰਡਨ ਸਿਟੀ, ਨਿਊ ਯਾਰਕ: ਡਬਲਡੇ, 1983) ਵਿਚ ਈ. ਆਈਜ਼ਕ, 1 ਏਨੋਕ ( ਦਾ ਇਥੋਪਿਆਈ ਅਪੋਕਲਿਪਸ)। ''ਮਨੁੱਖ ਦੇ ਪੁੱਤਰ'' ਦੇ ਦੁਸ਼ਟਾਂ ਦੇ ਨਿਆਂ, ਧਰਮੀਆਂ ਨੂੰ ਬਦਲਾ ਦੇਣ ਅਤੇ ਉਨ੍ਹਾਂ ਨੂੰ ਵਡਿਆਈ ਅਤੇ ਸ਼ਾਂਤੀ ਦੇਣ ਦੀ ਥਾਂ ਵਿਚ ਛੁਡਾਉਣ ਦੀਆਂ ਉਦਾਹਰਣਾਂ ਲਈ ਅਧਿਆਇ 46, 62, 63, 69-71 ਵੇਖੋ। [4]ਪੂਰੇ ਸੰਦਰਭ ਲਈ ਦਾਨੀਏਲ 7 ਅਧਿਆਇ ਨਾਲ ਤੁਲਨਾ ਕਰੋ। [5]ਜੀ.ਐੱਸ, ਰੱਸਲ, ਅਪੋਕਲਿਪਟਿਕ: ਏਂਸਿਏਂਟ ਐਂਡ ਮਾਡਰਨ (ਫ਼ਿਲਾਡੈਲਫ਼ੀਆ: ਫੋਰਟ੍ਰੈੱਸ, 1979), 51 ਵਿਚ ਦੁਹਰਾਇਆ ਗਿਆ। ਜੀ.ਏਬਲਿੰਗ, *ਅਪੋਕਲਿਪਟਿਜ਼ਮ,* ਸੰਪਾ. ਆਰ. ਡਬਲਯੂ. ਫ਼ੰਕ, *ਜਰਨਲ ਫ਼ਾਰ ਥਿਓਲੋਜੀ ਐਂਡ ਦ ਚਰਚ* (ਨਿਊ ਯਾਰਕ: ਪੰਨਾ ਰਹਿਤ, 1969), 6:58.